Punjabi | ਪੰਜਾਬੀ

# 5 ਤੋਂ 11 ਸਾਲ ਦੀ ਉਮਰ ਲਈ ਕੋਵਿਡ-19 ਟੀਕੇ ਅਕਸਰ ਪੁੱਛੇ ਜਾਣ ਵਾਲੇ ਸਵਾਲ

28 ਦਸੰਬਰ 2021 ਤੱਕ ਚਲੰਤ

## 5-11 ਸਾਲ ਦੇ ਬੱਚਿਆਂ ਵਾਸਤੇ ਟੀਕਾਕਰਨ ਬਾਰੇ ਆਮ ਜਾਣਕਾਰੀ

| | |
|---|---|
| ਕੀ 5-11 ਸਾਲ ਦੀ ਉਮਰ ਦੇ ਬੱਚਿਆਂ ਨੂੰ ਟੀਕੇ ਲਗਾਏ ਜਾ ਸਕਦੇ ਹਨ? | ਹਾਂ।<br><br>ਆਸਟ੍ਰੇਲੀਆ ਦੇ ਮੈਡੀਕਲ ਰੈਗੂਲੇਟਰ, ਥੈਰੇਪਿਊਟਿਕ ਗੁਡਜ਼ ਐਡਮਿਨਿਸਟ੍ਰੇਸ਼ਨ (TGA) ਨੇ 5-11 ਸਾਲ ਦੀ ਉਮਰ ਦੇ ਬੱਚਿਆਂ ਲਈ **ਫਾਈਜ਼ਰ** ਵੈਕਸੀਨ ਦੀ ਵਰਤੋਂ ਨੂੰ ਮਨਜ਼ੂਰੀ ਦੇ ਦਿੱਤੀ ਹੈ।<br><br>ਆਸਟ੍ਰੇਲੀਅਨ ਟੈਕਨੀਕਲ ਐਡਵਾਈਜ਼ਰੀ ਗਰੁੱਪ ਆਨ ਇਮੂਨਾਈਜੇਸ਼ਨ (ATAGI) 5-11 ਸਾਲ ਦੀ ਉਮਰ ਦੇ ਬੱਚਿਆਂ ਵਾਸਤੇ ਫਾਈਜ਼ਰ ਵੈਕਸੀਨ ਦੀ ਵਰਤੋਂ ਕਰਨ ਦੀ ਸਿਫਾਰਸ਼ ਵੀ ਕਰਦਾ ਹੈ। |
| 5-11 ਸਾਲ ਦੀ ਉਮਰ ਦੇ ਬੱਚੇ ਕਦੋਂ ਟੀਕੇ ਲਗਾਉਣ ਦੇ ਯੋਗ ਹੋਣਗੇ? | ਫੈਡਰਲ (ਕੇਂਦਰੀ) ਸਰਕਾਰ ਨੇ ਐਲਾਨ ਕੀਤਾ ਹੈ ਕਿ 5-11 ਸਾਲ ਉਮਰ ਲਈ ਟੀਕਾਕਰਨ ਪ੍ਰੋਗਰਾਮ 10 ਜਨਵਰੀ, 2022 ਨੂੰ ਸ਼ੁਰੂ ਹੋਵੇਗਾ। |
| ਬੱਚੇ ਕਿੱਥੇ ਟੀਕੇ ਲਗਵਾਉਣ ਦੇ ਯੋਗ ਹੋਣਗੇ? | ਟੀਕੇ ਇਹਨਾਂ ਹਿੱਸਾ ਲੈਣ ਵਾਲਿਆਂ ਰਾਹੀਂ ਉਪਲਬਧ ਹੋਣਗੇ:<br>• ਆਮ ਕਲੀਨਕਾਂ<br>• ਫਾਰਮੇਸੀਆਂ<br>• ਆਦਿਵਾਸੀ ਨਿਯੰਤਰਤ ਭਾਈਚਾਰਕ ਸਿਹਤ ਸੰਸਥਾਵਾਂ<br>• ਪਰਿਵਾਰ-ਅਨੁਕੂਲ ਰਾਜ ਟੀਕਾਕਰਨ ਕੇਂਦਰ।<br><br>ਟਰਮ 1, 2022 ਤੋਂ ਕੁਝ ਭਾਈਚਾਰਕ-ਆਧਾਰਿਤ ਟੀਕਾਕਰਨ ਕਲੀਨਿਕ ਵੀ ਹੋਣਗੇ, ਜਿੰਨ੍ਹਾਂ ਵਿੱਚ ਕੁਝ ਪ੍ਰਾਇਮਰੀ ਸਕੂਲਾਂ ਵਿੱਚਲੇ ਕਲੀਨਕ ਵੀ ਸ਼ਾਮਲ ਹਨ।<br><br>ਮਾਪੇ ਅਤੇ ਸਰਪ੍ਰਸਤ ਆਪਣੇ ਬੱਚਿਆਂ ਵਾਸਤੇ ਡਾਕਟਰ ਦੇ ਕਲੀਨਿਕ ਜਾਂ ਫਾਰਮੇਸੀ ਵਿਖੇ ਆਸਟ੍ਰੇਲੀਆ ਦੀ ਸਰਕਾਰ ਦੇ ਕਲੀਨਿਕ ਫਾਈਂਡਰ (healthdirect.gov.au) ਉੱਤੇ ਮਿਲਣ ਦਾ ਸਮਾਂ ਬੁੱਕ ਕਰਨ ਦੇ ਯੋਗ ਹੋਣਗੇ।<br><br>ਉਹ ਸਰਕਾਰੀ ਟੀਕਾਕਰਨ ਕੇਂਦਰ ਵਿੱਚ ਵੀ ਬੁੱਕ ਕਰ ਸਕਦੇ ਹਨ। |
| ਕੀ ਮੋਡਰਨਾ ਵੈਕਸੀਨ ਵੀ ਬੱਚਿਆਂ ਨੂੰ ਉਪਲਬਧ ਕਰਵਾਈ ਜਾਵੇਗੀ? | TGA ਅਤੇ ATAGI 6-11 ਸਾਲ ਦੀ ਉਮਰ ਦੇ ਬੱਚਿਆਂ ਲਈ **ਮੋਡਰਨਾ** ਵੈਕਸੀਨ ਦਾ ਮੁਲਾਂਕਣ ਵੀ ਕਰ ਰਹੇ ਹਨ, ਜਿਸ ਲਈ ਆਉਣ ਵਾਲੇ ਹਫਤਿਆਂ ਵਿੱਚ ਸਲਾਹ ਮਿਲਣ ਦੀ ਉਮੀਦ ਹੈ। |

| | |
|---|---|
| ਮੇਰਾ ਬੱਚਾ ਜਨਵਰੀ 2022 ਤੋਂ ਤੁਰੰਤ ਬਾਅਦ 12 ਸਾਲਾਂ ਦਾ ਹੋ ਜਾਵੇਗਾ - ਕੀ ਮੈਨੂੰ ਉਹਨਾਂ ਦੇ 12 ਸਾਲ ਦੇ ਹੋਣ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ ਅਤੇ ਫਿਰ ਉਹਨਾਂ ਨੂੰ ਬਾਲਗਾਂ | ਤੁਹਾਡਾ ਬੱਚੇ ਲਈ ਯੋਗ ਹੁੰਦੇ ਸਾਰ ਹੀ ਆਪਣੀ ਪਹਿਲੀ ਵੈਕਸੀਨ ਪ੍ਰਾਪਤ ਕਰਨਾ ਸਭ ਤੋਂ ਵਧੀਆ ਹੈ, ਜੋ ਕਿ ਜਨਵਰੀ ਵਿੱਚ ਹੈ। ਜੇ ਉਹ 5-11 ਸਮਾਂ-ਸਾਰਣੀ ਦੇ ਹਿੱਸੇ ਵਜੋਂ ਆਪਣੀ ਪਹਿਲੀ ਖੁਰਾਕ ਪ੍ਰਾਪਤ ਕਰਨ ਤੋਂ ਬਾਅਦ 12 ਸਾਲ ਦੀ ਉਮਰ ਦੇ ਹੋ ਜਾਂਦੇ ਹਨ, ਤਾਂ ਉਹਨਾਂ ਦੀ ਦੂਜੀ ਖੁਰਾਕ ਵੱਡੀ ਬਾਲਗਾਂ ਵਾਲੀ ਖੁਰਾਕ ਹੋਵੇਗੀ। |

## ਵੈਕਸੀਨ ਖੁਰਾਕਾਂ ਅਤੇ ਅੰਤਰਾਲ

| | |
|---|---|
| ਕੀ 5-11 ਸਾਲ ਦੀ ਉਮਰ ਦੇ ਬੱਚਿਆਂ ਵਾਸਤੇ ਵੈਕਸੀਨ ਦੀ ਖੁਰਾਕ 12 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਇੱਕੋ | ਨਹੀਂ, 5-11 ਸਾਲ ਦੀ ਉਮਰ ਦੇ ਬੱਚਿਆਂ ਨੂੰ ਦਿੱਤੀ ਜਾ ਰਹੀ ਫਾਈਜ਼ਰ ਵੈਕਸੀਨ ਦੀ ਖੁਰਾਕ 12 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬੱਚਿਆਂ ਨੂੰ ਦਿੱਤੀ ਗਈ ਖੁਰਾਕ ਦਾ ਇਕ ਤਿਹਾਈ ਹੋਵੇਗੀ। |
| 5-11 ਸਾਲ ਦੀ ਉਮਰ ਦੇ ਬੱਚਿਆਂ ਨੂੰ ਕਿੰਨੀਆਂ ਖੁਰਾਕਾਂ ਦੀ ਲੋੜ ਪਵੇਗੀ? | ਇਸ ਉਮਰ ਦੇ ਵਰਗ ਵਿੱਚ ਟੀਕਾਕਰਨ ਵਾਸਤੇ ਸਿਫਾਰਸ਼ ਕੀਤੀ ਸਮਾਂ-ਸਾਰਣੀ ਵਿੱਚ 8 ਹਫਤਿਆਂ ਦੇ ਫਰਕ ਨਾਲ ਦੋ ਖੁਰਾਕਾਂ ਹਨ।<br>ਇਸ ਨੂੰ ਵਿਸ਼ੇਸ਼ ਹਾਲਾਤਾਂ ਵਿੱਚ ਘਟਾ ਕੇ 3 ਹਫਤਿਆਂ ਤੱਕ ਕੀਤਾ ਜਾ ਸਕਦਾ ਹੈ, ਜਿਵੇਂ ਕਿ:<br>• ਪ੍ਰਕੋਪ ਫੈਲਣ ਦੀ ਪ੍ਰਤੀਕਿਰਿਆ ਦੇ ਹਿੱਸੇ ਵਜੋਂ<br>• ਪ੍ਰਤੀਰੋਧਤਾ ਪ੍ਰਣਾਲੀ ਨੂੰ ਦਬਾਉਣ ਵਾਲੇ ਮਹੱਤਵਪੂਰਣ ਇਲਾਜ (ਇਮਿਊਨੋਸਪ੍ਰੈਸ਼ਨ) ਦੀ ਸ਼ੁਰੂਆਤ ਤੋਂ ਪਹਿਲਾਂ<br>• ਅੰਤਰਰਾਸ਼ਟਰੀ ਯਾਤਰਾ ਤੋਂ ਪਹਿਲਾਂ। |
| ਕੀ 5-11 ਸਾਲ ਦੀ ਉਮਰ ਦੇ ਬੱਚਿਆਂ ਨੂੰ ਬੂਸਟਰ ਖੁਰਾਕਾਂ ਦੀ ਲੋੜ ਪਵੇਗੀ? | TGA ਅਤੇ ATAGI ਨੇ ਅਜੇ ਤੱਕ 5-11 ਸਾਲ ਦੀ ਉਮਰ ਦੇ ਬੱਚਿਆਂ ਲਈ ਬੂਸਟਰ ਖੁਰਾਕਾਂ ਦੇ ਬਾਰੇ ਮਨਜ਼ੂਰੀਆਂ ਜਾਂ ਸਿਫਾਰਸ਼ਾਂ ਪ੍ਰਦਾਨ ਨਹੀਂ ਕੀਤੀਆਂ ਹਨ।<br>ਵਿਕਟੋਰੀਆ ਦੀ ਸਰਕਾਰ ਭਾਈਚਾਰੇ ਨੂੰ ਇਸ ਬਾਰੇ ਭਵਿੱਖ ਵਿੱਚ ਕਿਸੇ ਵੀ ਤਾਜ਼ਾ ਜਾਣਕਾਰੀ ਬਾਰੇ ਸੂਚਿਤ ਕਰੇਗੀ। |

# ਵੈਕਸੀਨ ਸੁਰੱਖਿਆ ਅਤੇ ਬੁਰੇ ਪ੍ਰਭਾਵ

| | |
|---|---|
| ਅਸੀਂ ਕਿਵੇਂ ਜਾਣਦੇ ਹਾਂ ਕਿ ਵੈਕਸੀਨ 5-11 ਸਾਲਾਂ ਦੇ ਬੱਚਿਆਂ ਲਈ ਸੁਰੱਖਿਅਤ ਹੈ? | TGA ਅਤੇ ATAGI, 5-11 ਸਾਲ ਦੀ ਉਮਰ ਦੇ ਬੱਚਿਆਂ ਵਿੱਚ mRNA ਟੀਕਿਆਂ ਦੇ ਕਲੀਨਿਕੀ ਪਰਖਾਂ ਅਤੇ ਇਸ ਉਮਰ ਦੇ ਵਰਗ ਵਿੱਚ ਸੰਯੁਕਤ ਰਾਜ ਅਮਰੀਕਾ (US) ਵੈਕਸੀਨ ਲੋਕਾਂ ਨੂੰ ਲਗਾਉਣ ਤੋਂ ਅਸਲ-ਸੰਸਾਰ ਦੇ ਅੰਕੜਿਆਂ ਤੋਂ ਵਾਧੂ ਕਲੀਨਿਕੀ ਪਰਖਾਂ ਅਤੇ ਸੁਰੱਖਿਆ ਅੰਕੜਿਆਂ ਦੀ ਸਮੀਖਿਆ ਕਰ ਰਹੇ ਹਨ।<br><br>ਕਲੀਨਿਕੀ ਫਾਈਜ਼ਰ ਪਰਖ ਵਿੱਚ, ਜਿਸ ਵਿੱਚ 3100 ਬੱਚੇ ਸ਼ਾਮਲ ਸਨ, ਕੋਈ ਵੈਕਸੀਨ ਸੁਰੱਖਿਆ ਚਿੰਤਾਵਾਂ ਸਾਮਣੇ ਨਹੀਂ ਆਈਆਂ ਸਨ ਅਤੇ ਕੋਈ ਗੰਭੀਰ ਬਰੇ ਪਭਾਵਾਂ ਦਾ ਪਤਾ ਨਹੀਂ ਲੱਗਿਆ ਸੀ।<br><br>ਇਹ ਟੀਕੇ ਪਹਿਲਾਂ ਹੀ ਅਮਰੀਕਾ ਵਿੱਚ 5-11 ਸਾਲ ਦੀ ਉਮਰ ਦੇ ਬੱਚਿਆਂ ਨੂੰ ਦਿੱਤੇ ਜਾ ਰਹੇ ਹਨ, ਜਿਸ ਵਿੱਚ ਲਗਭਗ 5 ਮਿਲੀਅਨ ਬੱਚਿਆਂ ਨੂੰ ਪਹਿਲਾਂ ਹੀ ਆਪਣੀ ਪਹਿਲੀ ਖ਼ੁਰਾਕ ਮਿਲ ਚੁੱਕੀ ਹੈ। ਪ੍ਰੋਗਰਾਮਾਂ ਦੀ ਕੈਨੇਡਾ, ਯੂਕੇ, ਫਿਲਪਾਈਨਜ਼ ਅਤੇ ਹੋਰ ਥਾਵਾਂ 'ਤੇ ਪਸਾਰਾ ਹੋ ਰਿਹਾ ਹੈ।<br><br>ਉਹਨਾਂ ਦੇ ਟੀਕਾਕਰਨ ਤੋਂ ਬਾਅਦ, ਬੱਚਿਆਂ ਦੀ ਘੱਟੋ ਘੱਟ 15 ਮਿੰਟਾਂ ਲਈ ਨਿਗਰਾਨੀ ਕੀਤੀ ਜਾਵੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਠੀਕ-ਠਾਕ ਹਨ। ਐਨਾਫਾਈਲੈਕਸਿਸ ਦੇ ਇਤਿਹਾਸ ਵਾਲੇ ਬੱਚਿਆਂ ਦੀ 30 ਮਿੰਟਾਂ ਲਈ ਨਿਗਰਾਨੀ ਕੀਤੀ ਜਾਵੇਗੀ। |
| ਕੀ ਛੋਟੇ ਬੱਚਿਆਂ ਲਈ ਵੈਕਸੀਨ ਸੁਰੱਖਿਆ ਦੀ ਨਿਰੰਤਰ ਨਿਗਰਾਨੀ ਚੱਲ ਰਹੀ ਹੈ? | ਹਾਂ।<br><br>TGA ਅਤੇ ATAGI, 5-11 ਸਾਲ ਦੀ ਉਮਰ ਦੇ ਬੱਚਿਆਂ ਵਿੱਚ mRNA ਟੀਕਿਆਂ ਦੇ ਕਲੀਨਿਕੀ ਪਰਖਾਂ ਅਤੇ ਇਸ ਉਮਰ ਦੇ ਵਰਗ ਵਿੱਚ ਸੰਯੁਕਤ ਰਾਜ ਅਮਰੀਕਾ (US) ਵੈਕਸੀਨ ਲੋਕਾਂ ਨੂੰ ਲਗਾਉਣ ਤੋਂ ਅਸਲ-ਸੰਸਾਰ ਦੇ ਅੰਕੜਿਆਂ ਤੋਂ [illegible] ਕਲੀਨਿਕੀ ਪਰਖਾਂ ਅਤੇ ਸੁਰੱਖਿਆ ਅੰਕੜਿਆਂ ਦੀ ਸਮੀਖਿਆ ਕਰ ਰਹੇ ਹਨ।<br><br>AusVaxSafety ਆਸਟ੍ਰੇਲੀਆਈ ਦੇ ਭਾਈਚਾਰੇ ਵਿੱਚ ਚੱਲ ਰਹੀ, ਪੂਰੀ ਵੈਕਸੀਨ ਸੁਰੱਖਿਆ ਨਿਗਰਾਨੀ ਦਾ ਸੰਚਾਲਨ ਕਰਦੀ ਹੈ। |
| ਕੀ ਟੀਕੇ ਅਪੰਗਤਾਵਾਂ ਵਾਲੇ ਬੱਚਿਆਂ ਵਾਸਤੇ ਸੁਰੱਖਿਅਤ ਹਨ? | ਹਾਂ।<br><br>ਇਹ ਸੁਝਾਅ ਦੇਣ ਲਈ ਕੋਈ ਸਬੂਤ **ਨਹੀਂ** ਹੈ ਕਿ ਅਪੰਗਤਾ ਵਾਲੇ ਬੱਚਿਆਂ ਨੂੰ ਹੋਰ ਬੱਚਿਆਂ ਨਾਲੋਂ ਟੀਕਾਕਰਨ ਤੋਂ ਬੁਰੇ ਪ੍ਰਭਾਵਾਂ ਦਾ ਸਾਹਮਣਾ ਕਰਨ ਦੀ ਸੰਭਾਵਨਾ ਵਧੇਰੇ ਹੁੰਦੀ ਹੈ।<br><br>ਵਿਕਟੋਰੀਆ ਵਿੱਚ ਵੈਕਸੀਨ ਲੋਕਾਂ ਨੂੰ ਲਗਾਉਣ ਵਿੱਚ ਉਹਨਾਂ ਬੱਚਿਆਂ ਵਾਸਤੇ ਪਹੁੰਚਯੋਗ ਵਿਕਲਪ ਅਤੇ ਸਹਾਇਤਾ ਸ਼ਾਮਲ ਹੋਵੇਗੀ ਜਿੰਨ੍ਹਾਂ ਨੂੰ ਟੀਕਾਕਰਨ ਜਾਂ ਛੋਟੇ ਵਿਵਹਾਰਕ ਮੁੱਦਿਆਂ ਬਾਰੇ ਹਲਕੀ ਚਿੰਤਾ ਹੋ ਸਕਦੀ ਹੈ, ਅਤੇ ਨਾਲ ਹੀ ਵਿਕਾਸ ਸਬੰਧੀ ਅਪੰਗਤਾਵਾਂ, ਸਵੈਲੀਨਤਾ (ਔਟਿਜ਼ਮ) ਅਤੇ/ਜਾਂ ਸੰਵੇਦਨਸ਼ੀਲ ਮੁੱਦਿਆਂ ਵਾਲੇ ਬੱਚਿਆਂ ਲਈ ਵੀ ਪਹੁੰਚਯੋਗ ਵਿਕਲਪ ਅਤੇ ਸਹਾਇਤਾ ਸ਼ਾਮਲ ਹੋਵੇਗੀ।<br>ਸੂਈ ਲੱਗਣ ਤੋਂ ਵਧੇਰੇ ਗੰਭੀਰ ਤੌਰ 'ਤੇ ਡਰਨ ਵਾਲੇ ਬੱਚਿਆਂ ਵਾਸਤੇ ਸੇਵਾਵਾਂ ਵੀ ਉਪਲਬਧ ਹੋਣਗੀਆਂ। |

| | |
|---|---|
| ਛੋਟੇ ਬੱਚਿਆਂ ਵਿੱਚ ਟੀਕਾਕਰਨ ਦੇ ਬੁਰੇ ਪ੍ਰਭਾਵ ਕੀ ਹਨ? | ਕਿਸੇ ਵੀ ਹੋਰ ਦਵਾਈ ਦੀ ਤਰ੍ਹਾਂ, ਸਾਰੇ ਟੀਕਿਆਂ ਦੇ ਬੁਰੇ ਪ੍ਰਭਾਵ ਹੋ ਸਕਦੇ ਹਨ।<br><br>ਬੱਚੇ ਫਾਈਜ਼ਰ ਵੈਕਸੀਨ ਤੋਂ ਬਾਅਦ ਆਮ ਅਤੇ ਉਮੀਦ ਕੀਤੇ ਬੁਰੇ ਪ੍ਰਭਾਵਾਂ ਦਾ ਅਨੁਭਵ ਕਰ ਸਕਦੇ ਹਨ, ਜਿਵੇਂ ਕਿ ਦਰਦ ਕਰਦੀ ਬਾਂਹ, ਸਿਰ ਦਰਦ ਅਤੇ ਥਕਾਵਟ। ਇਹਨਾਂ ਦੀ ਆਮ ਤੌਰ 'ਤੇ ਕੇਵਲ ਪੈਰਾਸੀਟਾਮੋਲ ਨਾਲ ਇਲਾਜ ਕਰਨ ਦੀ ਲੋੜ ਹੁੰਦੀ ਹੈ, ਅਤੇ ਬੱਚਿਆਂ ਨੂੰ ਇਲਾਜ ਵਾਸਤੇ ਡਾਕਟਰ ਨੂੰ ਵਿਖਾਉਣ ਦੀ ਲੋੜ ਬਹੁਤ ਘੱਟ ਹੁੰਦੀ ਹੈ।<br>ਵਧੇਰੇ ਗੰਭੀਰ ਬੁਰੇ ਪ੍ਰਭਾਵ ਬਹੁਤ ਦੁਰਲੱਭ ਹਨ।<br><br>ਬੱਚਿਆਂ ਵਿੱਚ mRNA ਟੀਕਿਆਂ ਦੀ ਲੰਬੀ-ਮਿਆਦ ਦੀ ਸੁਰੱਖਿਆ ਬਾਰੇ ਕੋਈ ਚਿੰਤਾਵਾਂ ਨਹੀਂ ਹਨ, ਵੈਕਸੀਨ ਤੋਂ ਬਾਅਦ ਜ਼ਿਆਦਾਤਰ ਰਿਪੋਰਟ ਕੀਤੇ ਬੁਰੇ ਪ੍ਰਭਾਵ ਜਲਦੀ ਵਾਪਰਦੇ ਹਨ - ਪਹਿਲੇ 6-8 ਹਫਤਿਆਂ ਦੇ ਅੰਦਰ।<br><br>ਵਿਕਟੋਰੀਆ ਦੀ ਸਰਕਾਰ ਦੀ ਕਰੋਨਾਵਾਇਰਸ ਵੈੱਬਸਾਈਟ ਕੋਲ ਵੈਕਸੀਨ ਦੇ ਸੰਭਾਵਿਤ ਬੁਰੇ ਪ੍ਰਭਾਵਾਂ ਬਾਰੇ ਵਧੇਰੇ ਜਾਣਕਾਰੀ ਹੈ।<br><br>ਤੁਸੀਂ ਫਾਈਜ਼ਰ ਵੈਕਸੀਨ ਬਾਰੇ ਵੀ ਹੋਰ ਜਾਣਕਾਰੀ ਲੈ ਸਕਦੇ ਹੋ। |

## ਯੋਗਤਾ ਅਤੇ ਸਹਿਮਤੀ

| | |
|---|---|
| ਟੀਕਾਕਰਨ ਕਰਵਾਉਣ ਦੇ ਲਈ ਕੌਣ ਯੋਗ ਹੈ? | 5 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹਰ ਵਿਅਕਤੀ ਟੀਕਾਕਰਨ ਕਰਵਾ ਸਕਦਾ ਹੈ। |
| ਕੀ 5-11 ਸਾਲ ਦੀ ਉਮਰ ਦੇ ਬੱਚਿਆਂ ਲਈ ਟੀਕਾਕਰਨ ਕਰਵਾਉਣਾ ਲਾਜ਼ਮੀ ਹੈ? | ਟੀਕਾਕਰਨ ਕਰਵਾਉਣਾ ਲਾਜ਼ਮੀ ਨਹੀਂ ਹੈ। ਹਾਲਾਂਕਿ, ਟੀਕਾਕਰਨ ਕਰਵਾ ਕੇ, ਛੋਟੇ ਬੱਚੇ ਆਪਣੇ ਅਤੇ ਆਪਣੇ ਪਰਿਵਾਰਾਂ ਦੇ ਨਾਲ-ਨਾਲ ਆਪਣੇ ਸਕੂਲਾਂ ਅਤੇ ਭਾਈਚਾਰਿਆਂ ਦੀ ਰੱਖਿਆ ਕਰਨ ਵਿੱਚ ਮਦਦ ਕਰ ਰਹੇ ਹਨ।<br>5-11 ਸਾਲ ਦੀ ਉਮਰ ਦੇ ਬੱਚਿਆਂ ਵਾਸਤੇ ਟੀਕਾਕਰਨ ਦੇ ਲਾਭਾਂ ਬਾਰੇ ਵਧੇਰੇ ਜਾਣਕਾਰੀ ਵਾਸਤੇ ਹੇਠਾਂ ਦਿੱਤੇ ਹਿੱਸੇ ਨੂੰ ਵੇਖੋ। |
| ਕੀ ਕਿਸੇ ਮਾਪੇ ਜਾਂ ਸਰਪ੍ਰਸਤ ਨੂੰ 5-11 ਸਾਲ ਦੇ ਬੱਚੇ ਨੂੰ ਟੀਕਾ ਲਗਾਉਣ ਲਈ ਆਗਿਆ ਦੇਣੀ ਪੈਂਦੀ ਹੈ? | ਕਿਸੇ ਮਾਪੇ ਜਾਂ ਸਰਪ੍ਰਸਤ ਨੂੰ ਲਾਜ਼ਮੀ ਤੌਰ 'ਤੇ 5-11 ਸਾਲ ਦੀ ਉਮਰ ਦੇ ਬੱਚੇ ਨੂੰ ਟੀਕਾ ਲਗਾਉਣ ਲਈ ਸਹਿਮਤੀ ਪ੍ਰਦਾਨ ਕਰਨੀ ਚਾਹੀਦੀ ਹੈ।<br>ਵਿਕਟੋਰੀਆ ਦੇ ਕਾਨੂੰਨ ਦੇ ਅਧੀਨ, 5-11 ਸਾਲ ਦਾ ਬੱਚਾ ਆਪਣੀ ਸਹਿਮਤੀ ਖੁਦ ਪ੍ਰਦਾਨ ਨਹੀਂ ਕਰ ਸਕਦਾ।<br>ਕੋਈ ਮਾਪਾ ਜਾਂ ਸਰਪ੍ਰਸਤ ਛੋਟੇ ਬੱਚੇ ਦੇ ਨਾਲ ਵੈਕਸੀਨ ਵਾਲੀ ਮੁਲਾਕਾਤ ਵਿੱਚ ਸ਼ਾਮਲ ਹੋ ਸਕਦਾ ਹੈ ਅਤੇ ਓਹਨਾਂ ਵਾਸਤੇ ਸਹਿਮਤੀ ਪਦਾਨ ਕਰ ਸਕਦਾ ਹੈ। |

## 5-11 ਸਾਲ ਦੀ ਉਮਰ ਦੇ ਬੱਚਿਆਂ ਵਾਸਤੇ ਟੀਕਾਕਰਨ ਦੇ ਲਾਭ

| | |
|---|---|
| ਮੈਂ ਸੁਣਿਆ ਹੈ ਕਿ ਜੇ ਬੱਚਿਆਂ ਨੂੰ ਕੋਵਿਡ-19 ਹੁੰਦਾ ਹੈ ਤਾਂ ਉਹ ਓਨੇ ਬਿਮਾਰ ਨਹੀਂ ਹੁੰਦੇ। ਉਨ੍ਹਾਂ ਨੂੰ ਟੀਕੇ ਕਿਉਂ ਲਗਵਾਉਣੇ ਚਾਹੀਦੇ ਹਨ? | ਜਿਨ੍ਹਾਂ ਬੱਚਿਆਂ ਨੂੰ ਟੀਕੇ ਲਗਾਏ ਜਾਂਦੇ ਹਨ, ਉਹਨਾਂ ਨੂੰ ਕੋਵਿਡ-19 ਤੋਂ ਸਿੱਧੀ ਸੁਰੱਖਿਆ ਮਿਲੇਗੀ।<br><br>ਹਾਲਾਂਕਿ ਬੱਚਿਆਂ ਅਤੇ ਨੌਜਵਾਨਾਂ ਵਿੱਚ ਬਾਲਗਾਂ ਨਾਲੋਂ ਗੰਭੀਰ ਲੱਛਣ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ ਜੇ ਉਹ ਕੋਵਿਡ-19 ਦੇ ਸੰਪਰਕ ਵਿੱਚ ਆਉਂਦੇ ਹਨ, ਪਰ ਕੁਝ ਫਿਰ ਵੀ ਬਹੁਤ ਬਿਮਾਰ ਹੋ ਸਕਦੇ ਹਨ - ਇਸ ਵਿੱਚ ਕੁਝ ਪਹਿਲਾਂ ਤੋਂ ਮੌਜੂਦ ਸਮੱਸਿਆਵਾਂ ਵਾਲੇ ਬੱਚੇ ਸ਼ਾਮਲ ਹਨ, ਜਿਵੇਂ ਕਿ ਮੋਟਾਪਾ, ਡਾਊਨ ਸਿੰਡਰੋਮ, ਜਾਂ ਸੈਰੇਬ੍ਰਲ<br><br>ਕੁਝ ਬੱਚੇ ਅਤੇ ਕਿਸ਼ੋਰ ਕੋਵਿਡ ਦੀ ਲਾਗ ਤੋਂ ਇਕ ਜਾਂ ਦੋ ਮਹੀਨਿਆਂ ਤੋਂ ਵੱਧ ਸਮੇਂ ਬਾਅਦ ਚਿਰਕਾਲੀਨ ਲੱਛਣ ਵੀ ਵਿਕਸਤ ਕਰ ਸਕਦੇ ਹਨ। ਇਸ ਨੰ ਲੌਂਗ ਕੋਵਿਡ ਕਿਹਾ ਜਾਂਦਾ ਹੈ।<br><br>ਬੱਚੇ ਕੋਵਿਡ-19 ਦਾ ਸੰਚਾਰ ਕਰ ਸਕਦੇ ਹਨ, ਪਰ ਟੀਕਾਕਰਨ ਉਹਨਾਂ ਨੂੰ ਹੋਰ ਬੱਚਿਆਂ ਅਤੇ ਵੱਡੀ ਉਮਰ ਦੇ ਵਰਗਾਂ ਵਿੱਚ ਵਾਇਰਸ ਫੈਲਾਉਣ ਤੋਂ ਰੋਕਣ ਵਿੱਚ ਮਦਦ ਕਰੇਗਾ, ਜਿਸ ਵਿੱਚ ਪਰਿਵਾਰ ਦੇ ਜੀਅ ਵੀ ਸ਼ਾਮਲ ਹਨ ਜਿੰਨ੍ਹਾਂ ਨੂੰ ਜ਼ਿਆਦਾ ਖਤਰਾ ਹੋ ਸਕਦਾ ਹੈ, ਜਿਵੇਂ ਕਿ ਦਾਦਾ-ਦਾਦੀ/ਨਾਨਾ-ਨਾਨੀ।<br><br>ਛੋਟੇ ਬੱਚਿਆਂ ਨੂੰ ਟੀਕਾ ਲਗਾਉਣ ਦਾ ਮਤਲਬ ਇਹ ਵੀ ਹੈ ਕਿ ਭਵਿੱਖ ਵਿੱਚ ਸਕੂਲ ਬੰਦ ਕਰਨ ਦੀ ਸੰਭਾਵਨਾ ਘੱਟ ਜਾਂਦੀ ਹੈ। ਇਹ ਬੱਚਿਆਂ ਨੂੰ ਵਧੇਰੇ ਆਹਮਣੇ-ਸਾਹਮਣੇ ਸਿੱਖਣ, ਖੇਡਣ ਵਾਲਾ ਸਮਾਂ, ਵੱਖ-ਵੱਖ ਗਤੀਵਿਧੀਆਂ ਵਿੱਚ ਸ਼ਾਮਲ ਹੋਣ, ਅਤੇ ਆਪਣੇ ਦੋਸਤਾਂ ਨਾਲ ਰਹਿਣ ਵਿੱਚ ਮਦਦ ਕਰੇਗਾ। |

## COVID-19 ਦੀ ਲਾਗ ਵਾਲੇ ਲੋਕ ਅਤੇ ਜੋ ਲੋਕ ਇਕਾਂਤਵਾਸ ਵਿੱਚ ਰਹਿ ਰਹੇ ਹਨ

| | |
|---|---|
| ਜੇ ਕਿਸੇ ਵਿਅਕਤੀ ਨੂੰ ਕੋਵਿਡ-19 ਹੋਇਆ ਹੈ ਤਾਂ ਕੀ ਉਸਨੂੰ ਟੀਕੇ ਲਗਾਏ ਜਾ ਸਕਦੇ ਹਨ? | ਨਹੀਂ। ਜੇ ਕਿਸੇ ਵਿਅਕਤੀ ਦਾ ਕੋਵਿਡ-19 ਵਾਸਤੇ ਟੈਸਟ ਪੌਜ਼ੇਟਿਵ ਆਉਂਦਾ ਹੈ, ਤਾਂ ਉਹਨਾਂ ਨੂੰ ਤੁਰੰਤ ਘਰ ਜਾਣਾ ਚਾਹੀਦਾ ਹੈ ਅਤੇ ਇਕਾਂਤਵਾਸ ਵਿੱਚ ਰਹਿਣਾ ਚਾਹੀਦਾ ਹੈ। ਇਸ ਵਿੱਚ 5-11 ਸਾਲ ਦੇ ਬੱਚੇ ਸ਼ਾਮਲ ਹਨ।<br><br>ਜੇ ਕਿਸੇ ਵਿਅਕਤੀ ਦਾ ਕੋਵਿਡ-19 ਵਾਸਤੇ ਟੈਸਟ ਪੌਜ਼ੇਟਿਵ ਆਉਂਦਾ ਹੈ, ਤਾਂ ਉਹ ਕਿਸੇ ਵੀ ਕਾਰਨ ਕਰਕੇ ਆਪਣਾ ਘਰ ਤੋਂ ਬਾਹਰ ਨਹੀਂ ਜਾ ਸਕਦਾ ਹੈ - ਟੀਕਾਕਰਨ ਕਰਵਾਉਣ ਲਈ ਵੀ ਨਹੀਂ। |
| ਕੀ 5-11 ਸਾਲ ਦੀ ਉਮਰ ਦੇ ਬੱਚੇ ਨੂੰ ਟੀਕਾ ਲਗਾਇਆ ਜਾ ਸਕਦਾ ਹੈ ਜਿਨ੍ਹਾਂ ਨੂੰ ਕੋਵਿਡ-19 ਹੋਇਆ ਹੈ? | ਹਾਂ। ਵਾਇਰਸ ਦੇ ਤੀਬਰ ਪੜਾਅ ਨੂੰ ਲੰਘਦੇ ਸਾਰ ਹੀ ਉਹ ਟੀਕੇ ਲਗਵਾ ਸਕਦੇ ਹਨ। ਤੁਹਾਡਾ ਡਾਕਟਰ ਤੁਹਾਨੂੰ ਇਸ ਬਾਰੇ ਹੋਰ ਦੱਸ ਸਕਦਾ ਹੈ। |
| ਕੀ ਕੋਈ ਵਿਅਕਤੀ ਜਿਸ ਨੂੰ ਕੋਵਿਡ-19 ਨਹੀਂ ਹੈ, ਪਰ ਉਹ ਇਕਾਂਤਵਾਸ ਵਿੱਚ ਹੈ, ਕੀ ਉਹ ਬਾਹਰ ਜਾ ਸਕਦਾ ਹੈ ਅਤੇ ਟੀਕਾਕਰਨ ਕਰਵਾ ਸਕਦਾ ਹੈ? | ਨਹੀਂ।<br><br>ਜੇ ਕਿਸੇ ਵਿਅਕਤੀ ਨੂੰ ਇਕਾਂਤਵਾਸ ਕਰਨ ਲਈ ਕਿਹਾ ਗਿਆ ਹੈ, ਤਾਂ ਉਹਨਾਂ ਨੂੰ ਲਾਜ਼ਮੀ ਉਸ ਸਲਾਹ ਦੀ ਪਾਲਣਾ ਕਰਨੀ ਚਾਹੀਦੀ ਹੈ ਜੋ ਉਹਨਾਂ ਨੂੰ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਘਰ ਤੋਂ ਬਾਹਰ ਕਦੋਂ ਨਿਕਲ ਸਕਦੇ ਹਨ। ਇਸ ਵਿੱਚ 5-11 ਸਾਲ ਦੇ ਬੱਚੇ ਸ਼ਾਮਲ ਹਨ।<br>ਜੇ ਕਿਸੇ ਵਿਅਕਤੀ ਨੂੰ ਇਸ ਬਾਰੇ ਪੱਕਾ ਪਤਾ ਨਹੀਂ ਹੈ ਕਿ ਉਹਨਾਂ ਨੂੰ ਕਿਸੇ ਟੀਕਾਕਰਨ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਜਾਂ ਨਹੀਂ, ਤਾਂ ਕਰੋਨਾਵਾਇਰਸ ਹੌਟਲਾਈਨ ਨੂੰ **1800 675 398** 'ਤੇ ਫ਼ੋਨ ਕਰੋ (ਦੁਭਾਸ਼ੀਏ ਵਾਸਤੇ 0 ਦਬਾਓ)। |

| | |
|---|---|
| ਜੇ ਕੋਈ ਬੱਚਾ ਬਿਮਾਰ ਮਹਿਸੂਸ ਕਰਦਾ ਹੈ ਤਾਂ ਕੀ ਉਹਨਾਂ ਨੂੰ ਟੀਕੇ ਲਗਵਾਉਣੇ ਚਾਹੀਦੇ ਹਨ? | ਨਹੀਂ।<br>ਮਾਪਿਆਂ ਨੂੰ ਆਪਣੇ ਬੱਚੇ ਵਾਸਤੇ ਕੋਵਿਡ-19 ਟੈਸਟ ਦਾ ਪ੍ਰਬੰਧ ਕਰਨਾ ਚਾਹੀਦਾ ਹੈ, ਅਤੇ ਬੱਚੇ ਨੂੰ ਉਦੋਂ ਤੱਕ ਘਰ ਵਿੱਚ ਰੱਖਣਾ ਚਾਹੀਦਾ ਹੈ ਜਦ ਤੱਕ ਉਹਨਾਂ ਨੂੰ ਕੋਈ ਨੈਗੇਟਿਵ ਨਤੀਜਾ ਨਹੀਂ ਮਿਲਦਾ ਜੇ ਬੱਚਾ:<br>• ਥੋੜ੍ਹਾ ਜਿਹਾ ਵੀ ਬਿਮਾਰ ਮਹਿਸੂਸ ਕਰਦਾ ਹੈ<br>• ਕਿਸੇ ਸੰਪਰਕ ਵਾਲੀ ਜਗ੍ਹਾ 'ਤੇ ਗਿਆ ਹੈ<br>• ਕਿਸੇ ਅਜਿਹੇ ਵਿਅਕਤੀ ਦੇ ਨਜ਼ਦੀਕੀ ਸੰਪਰਕ ਵਿੱਚ ਹੈ ਜਿਸ ਨੂੰ ਕੋਵਿਡ-19 ਹੋ ਸਕਦਾ ਹੈ। |

ਇਸ ਦਸਤਾਵੇਜ਼ ਨੂੰ ਕਿਸੇ ਹੋਰ ਰੂਪ ਵਿੱਚ ਪ੍ਰਾਪਤ ਕਰਨ ਲਈ 1300 651 160 ਨੂੰ ਫ਼ੋਨ ਕਰੋ, ਜੇ ਲੋੜ ਹੈ ਤਾਂ ਨੈਸ਼ਨਲ ਰਿਲੇਅ ਸਰਵਿਸ 13 36 77 ਦੀ ਵਰਤੋਂ ਕਰੋ, ਜਾਂ ਈਮੇਲ ਕਰੋ COVIDvaccination@dhhs.vic.gov.au

Authorised and published by the Victorian Government, 1 Treasury Place, Melbourne.
©State of Victoria, Australia, Department of Health, December 2021.